ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 27 ਸਤੰਬਰ, 1998

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਕਿਸਾਨਾਂ ਦਾ ਸੰਕਟ

19 ਸਤੰਬਰ ਤੋਂ ਹੋ ਰਹੀ ਬੇਵਕਤੀ ਬਾਰਸ਼ ਪੰਜਾਬ ਦੇ ਕਿਸਾਨਾਂ ਲਈ ਤਬਾਹੀ ਦਾ ਕਾਰਨ ਬਣੀ ਹੈ। ਕਿਸਾਨੀ ਘਰਾਂ ਵਿਚ ਸੋਗ ਛਾ ਗਿਆ ਹੈ। ਉਂਜ ਇਸ ਬਾਰਸ਼ ਨੂੰ ਬੇਵਕਤੀ ਕਹਿਣਾ ਠੀਕ ਨਹੀਂ, ਕਿਉਂਕਿ ਹਰ ਦੂਜੇ ਤੀਜੇ ਸਾਲ ਸਤੰਬਰ ਦੇ ਮਹੀਨੇ, ਜਦੋਂ ਝੋਨੇ ਦੀ ਫਸਲ ਖੇਤਾਂ ਵਿਚ ਤਿਆਰ ਖੜ੍ਹੀ ਹੁੰਦੀ ਹੈ ਜਾਂ ਮੰਡੀ ਵਿਚ ਆਉਣੀ ਸ਼ੁਰੂ ਹੁੰਦੀ ਤਾਂ ਇਹ ਬਾਰਸ਼ ਆ ਹੀ ਜਾਂਦੀ ਹੈ। ਅੱਜ ਦੇ ਸਾਇੰਸ ਦੇ ਯੁੱਗ ਵਿਚ ਕਿਸੇ ਵਰਤਾਰੇ ਨੂੰ ਬੇਵਕਤੀ ਕਹਿਕੇ ਮਜਬੂਰੀ ਵੱਸ ਹੱਥ ਖੜ੍ਹੇ ਕਰ ਦੇਣੇ ਮੱਸਲੇ ਦਾ ਕੋਈ ਹੱਲ ਨਹੀਂ।

ਪੰਜਾਬ ਜਾਂ ਸਾਰੇ ਹਿੰਦੋਸਤਾਨ ਦੇ 80 ਫੀਸਦੀ ਲੋਕ ਖੇਤੀ ਦੀ ਆਰਥਕਤਾ ਨਾਲ ਜੁੜੇ ਹੋਏ ਹਨ। ਇਸ ਕਰਕੇ ਪ੍ਰਬੰਧਕੀ ਢਾਂਚੇ ਦਾ ਫਰਜ਼ ਬਣ ਜਾਂਦਾ ਹੈ ਕਿ ਰਾਹ ਲਭੇ ਤੇ ਲੋਕਾਈ ਨੂੰ ਮਾਯੂਸੀ ਤੋਂ ਨਿਜਾਤ ਦਿਵਾਏ। ਵੱਡੀ ਗਿਣਤੀ ਵਿਚ ਲੋਕਾਂ ਨੂੰ ਮਜਬੂਰੀ ਦੀ ਹਾਲਤ ਵਿਚ ਸੁੱਟੀ ਰੱਖਣਾ ਕੋਈ ਪ੍ਰਬੰਧ ਨਹੀਂ। ਇਹ ਗੱਲ ਲੋਕਾਂ ਨੂੰ ਵੀ ਅਤੇ ਪ੍ਰਬੰਧਕੀ ਢਾਂਚੇ ਨੂੰ ਵੀ ਸਮਝ ਲੈਣੀ ਚਾਹੀਦੀ ਹੈ।

ਕਿਸੇ ਵੇਲੇ ਖੇਤੀ ਦਾ ਢੰਗ ਬਿਲਕੁਲ ਸਾਦਾ ਹੁੰਦਾ ਸੀ। ਪਿਛਲੀ ਫ਼ਸਲ ਤੋਂ ਹੀ ਬਚਾਏ ਹੋਏ ਬੀਜ ਬੀਜੇ ਜਾਂਦੇ ਸਨ। ਪਾਣੀ ਦਿੱਤਾ ਜਾਂਦਾ ਸੀ। ਗੋਡੀ ਕੀਤੀ ਜਾਂਦੀ ਸੀ। ਫਸਲ ਪੱਕਦੀ ਸੀ। ਦਾਣੇ ਘਰ ਆਂਦੇ ਸਨ। ਆਪਣੀ ਲੋੜ ਅਨੁਸਾਰ ਘਰ ਰੱਖਕੇ ਬਾਕੀ ਮੰਡੀ ਵਿਚ ਵੇਚ ਦਿੱਤੇ ਜਾਂਦੇ ਸਨ ਤੇ ਇਹਦੇ ਨਾਲ ਜ਼ਿੰਦਗੀ ਦੀਆਂ ਸਾਦਾ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਸਨ। ਭਾਵੇਂ ਕਿਸਾਨ ਹਮੇਸ਼ਾ ਗਰੀਬ ਹੀ ਰਹਿੰਦਾ ਸੀ ਪਰ ਉਹ ਬੇਚੈਨ ਜਾਂ ਮਾਯੂਸ ਨਹੀਂ ਸੀ ਹੁੰਦਾ। ਜੇ ਕੁਦਰਤੀ ਆਫ਼ਤ ਕੋਈ ਆਂਦੀ ਸੀ ਤਾਂ ਰੱਬ ਦਾ ਭਾਣਾ ਮੰਨ ਕੇ ਸਹਿ ਲਈ ਜਾਂਦੀ ਸੀ। ਇਹੀ ਮੰਨ ਲਿਆ ਜਾਂਦਾ ਸੀ ਕਿ ਅਗਲੇ ਸਾਲ ਹੋਰ ਮਿਹਨਤ ਕਰਕੇ ਘਾਟਾ ਪੂਰਾ ਕਰ ਲਵਾਂਗੇ। ਪਰ ਹੁਣ ਭਾਣਾ ਮੰਨ ਕੇ ਸਬਰ ਨਹੀਂ ਕੀਤਾ ਜਾ ਸਕਦਾ। ਹੁਣ ਖੇਤੀ, ਖਾਸ ਕਰਕੇ ਹਰੇ ਇਨਕਲਾਬ ਦੇ ਬਾਅਦ ਪੂਰੀ ਤਰ੍ਹਾਂ ਪੂੰਜੀ ਨਿਵੇਸ਼ ਦਾ ਵਰਤਾਰਾ ਹੈ। ਬੀਜ ਖ੍ਰੀਦਿਆ ਜਾਂਦਾ ਹੈ। ਖਾਦ ਖ੍ਰੀਦੀ ਜਾਂਦੀ ਹੈ। ਕੀੜੇ ਮਾਰ ਦਵਾਈ ਖ੍ਰੀਦੀ ਜਾਂਦੀ ਹੈ। ਟ੍ਰੈਕਟਰ ਦੀ ਕਿਸ਼ਤ ਦੇਣੀ ਹੈ। ਹਰ ਪੜਾਅ ਤੇ ਪੂੰਜੀ ਲਗਵੀ ਹੈ। ਇਹ ਪੂੰਜੀ ਬੈਂਕਾਂ ਤੋਂ, ਸੋਸਾਇਟੀਆਂ ਤੋਂ ਜਾਂ ਆੜ੍ਹਤੀਆਂ ਕੋਲੋਂ ਕਰਜ਼ੇ ਦੀ ਸ਼ਕਲ ਵਿਚ ਲਈ ਜਾਂਦੀ ਹੈ। ਜੇ ਫਸਲ ਫੇਲ੍ਹ ਹੋ ਗਈ ਜਾਂ ਕਿਸੇ ਕੁਦਰਤੀ ਆਫ਼ਤ ਦਾ ਸ਼ਿਕਾਰ ਹੋ ਗਈ ਤਾਂ ਬਚਾਅ ਦਾ ਕੋਈ ਰਾਹ ਨਹੀਂ। ਜਾਂ ਜ਼ਮੀਨ ਵਿਕ ਗਈ ਜਾਂ ਫੇਰ ਬੇਇਜ਼ਤੀ ਤੋਂ ਬਚਣ ਲਈ ਜਾਂ ਮਾਯੂਸੀ ਵਿਚ ਖ਼ੁਦਕੁਸ਼ੀਆਂ ਦਾ ਰਾਹ ਰਹਿ ਜਾਂਦਾ ਹੈ। ਫੇਰ ਕੀਤਾ ਕੀ ਜਾਏ? ਇਹ ਕਹਿਣ ਨਾਲ ਗੱਲ ਨਹੀਂ ਬਣਦੀ ਕਿ ਸਰਕਾਰ 'ਕਿਸਾਨ ਦੁਸ਼ਮਣ' ਹੈ। ਪਹਿਲੇ ਕਾਂਗਰਸੀ, ਹੁਣ ਅਕਾਲੀ ਭਾਵੇਂ ਉਹਨਾਂ ਨੀਤੀਆਂ ਤੇ ਹੀ ਚਲਦੇ ਹਨ, ਜਿਹਨਾਂ ਨਾਲ ਵੱਡੇ ਲੋਕਾਂ ਦੇ ਹਿੱਤ ਪੂਰੇ ਹੋਣ ਪਰ ਉਹ ਕਿਸਾਨ ਦੁਸ਼ਮਣ ਨਹੀਂ ਕਹੇ ਜਾ ਸਕਦੇ। ਹੁਣ ਦੇ ਅਕਾਲੀ ਵਜ਼ੀਰ ਪੂਰੀ ਤਰ੍ਹਾਂ ਖੇਤੀ ਨਿਰਭਰ ਹਨ। ਸੋ ਇਹ ਜ਼ਿੰਮੇਵਾਰੀ ਪ੍ਰਬੰਧਕੀ ਉੱਤੇ ਸੁੱਟੀ ਜਾਣੀ ਹੈ ਕਿ ਕਿਸਾਨੀ ਮਾਯੂਸੀ ਦੇ ਚੱਕਰ ਤੋਂ ਨਿਜਾਤ ਪਾਵੇ। ਇਹ ਇਕ ਮੰਨੀ ਹੋਈ ਗੱਲ ਹੈ ਕਿ ਅੰਗਰੇਜ਼ਾਂ ਦੇ ਵੇਲੇ ਤੋਂ ਮਾਲ ਮਹਿਕਮਾ ਪੂਰੀ ਤਰ੍ਹਾਂ ਨਿਯਮਬੱਧ ਹੈ। ਪਟਵਾਰੀ ਤੋਂ ਲੈ ਕੇ ਡਿਪਟੀ ਕਮਿਸ਼ਨਰ ਤੱਕ ਇਕ ਮੁਕੰਮਲ ਢਾਂਚਾ ਹੈ। ਜ਼ਮੀਨ ਦੀ ਮਲਕੀਅਤ ਦਾ ਇੰਚ ਇੰਚ ਦਾ ਪੂਰਾ ਨਕਸ਼ਾ ਮੌਜੂਦ ਹੈ। ਪੂਰੀ ਤਰ੍ਹਾਂ ਪਤਾ ਹੈ ਕਿ ਕਿਥੇ ਕੀ ਤੇ ਕਿੰਨੀ ਖੇਤੀ ਹੁੰਦੀ ਹੈ। ਇਸ ਲਈ ਇਹ ਪਹਿਲੇ ਹੀ ਮਿੱਥ ਲਿਆ ਜਾ ਸਕਦਾ ਹੈ ਕਿ ਕੁਦਰਤੀ ਆਫ਼ਤ ਵੇਲੇ ਸਰਕਾਰ ਨੇ ਕੀ 'ਰਾਹਤ' ਦੇਣੀ ਹੈ। ਇਹ ਮਿਥੀ ਹੋਈ ਰਾਹਤ ਹੀ ਕਿਸਾਨ ਨੂੰ ਡਰ ਅਤੇ ਸਹਿਮ ਤੋਂ ਨਿਜਾਤ ਦਿਵਾਏਗੀ। ਰਾਹਤ ਲਈ ਇਕ ਰੀਜ਼ਰਵ ਪੂੰਜੀ ਹਰ ਵੇਲੇ ਸਰਕਾਰ ਕੋਲ ਹੋਣੀ ਚਾਹੀਦੀ ਹੈ, ਜੋ ਠੀਕ ਠਾਕ ਸਾਲਾਂ ਵਿਚ ਕਿਸਾਨਾਂ ਕੋਲੋਂ ਉਹਨਾਂ ਦੀ ਹੋਈ ਆਮਦਨ ਅਨੁਸਾਰ ਇਕੱਠੀ ਕੀਤੀ ਜਾ ਸਕਦੀ ਹੈ। ਹੋਰ ਵੀ ਕਈ ਰਾਹ ਲੱਭੇ ਜਾ ਸਕਦੇ ਹਨ। ਨਿਸ਼ਾਨਾ ਇਕੋ ਹੀ ਹੈ ਕਿ ਖੇਤੀ ਦੇ ਨਾਲ ਜੁੜੇ ਲੋਕਾਂ ਨੂੰ ਡਰ ਅਤੇ ਸਹਿਮ ਤੋਂ ਨਿਜਾਤ ਦਿਵਾਈ ਜਾਏ। ਪ੍ਰਬੰਧਕੀ ਦੇ ਉਤਲੇ ਅਫਸਰ ਦੇਸ਼ ਦੀ ਕੁਲ ਅਕਲ ਦੀ ਕਰੀਮ ਹਨ। 20-25 ਹਜ਼ਾਰ ਮਹੀਨੇ ਦੀ ਤਨਖ਼ਾਹ ਸਮੇਤ ਹੋਰ ਸਹੂਲਤਾਂ ਲੈਂਦੇ ਹਨ। ਅੰਕੜੇ ਪੂਰੇ ਦੇ ਪੂਰੇ ਮੁਹੱਈਆ ਹਨ, ਕੀ ਉਹ ਰਾਹ ਨਹੀਂ ਲੱਭ ਸਕਦੇ? ਉਂਝ ਉਹ ਰਾਹ ਤਾਂ ਹੀ ਲਭਣਗੇ ਜੇ ਉਹਨਾਂ ਨੂੰ ਲੋਕਾਂ ਅੱਗੇ ਜਵਾਬ-ਦੇਹ ਬਣਾਇਆ ਜਾਵੇ। ਇਹ ਅੱਗੋਂ ਤਾਂ ਹੀ ਮੁਮਕਿਨ ਹੈ ਕਿ ਕਿਸਾਨ ਜਥੇਬੰਦ ਹੋ ਕੇ ਸੰਘਰਸ਼ ਦਾ ਰਾਹ ਅਪਣਾਉਣ। ਕਿਸਾਨ ਜਥੇਬੰਦੀਆਂ ਨੂੰ ਸਰਗਰਮ ਹੋ ਕੇ ਕਿਸਾਨਾਂ ਨੂੰ ਇਸ ਰਾਹ ਤੇ ਲਿਆਉਣਾ ਚਾਹੀਦਾ ਹੈ।

ਅਕਾਲੀਆਂ ਕੋਲ ਹੁਣ ਮੌਕਾ ਹੈ ਕਿ ਕਿਸਾਨੀ ਨੂੰ ਮਾਯੂਸੀ ਤੋਂ ਬਚਾਉਣ ਲਈ ਕੋਈ ਠੋਸ ਕਦਮ ਚੁੱਕਣ। ਹਰ ਵੇਲੇ ਕੇਂਦਰ ਨੂੰ ਹੀ ਜ਼ਿੰਮੇਵਾਰ ਠਹਿਰਾਉਣ ਨਾਲ ਗੱਲ ਨਹੀਂ ਬਣਦੀ। ਭਾਵੇਂ ਵਿਗਿਆਨਕ ਸੋਚ ਵਾਲੇ ਲੋਕ ਪੂਰੀ ਤਰ੍ਹਾਂ ਜਾਣਦੇ ਹਨ ਕਿ ਇਕ ਪੂੰਜੀਵਾਦੀ ਮੰਡੀ ਸਿਸਟਮ ਵਿਚ ਕਿਸਾਨ ਨੇ ਲੁੱਟਿਆ ਹੀ ਲੁੱਟਿਆ ਜਾਣਾ ਹੈ, ਪਰ ਇਸ ਸਿਸਟਮ ਦੇ ਵਿਰੁੱਧ ਅੰਤਿਮ ਲੜਾਈ ਲਈ ਫੌਰੀ ਸੰਘਰਸ਼ ਦੀ ਲੋੜ ਹੈ।

ਪਿਛੋਂ ਲਿਖਿਆ ਨੋਟ:

## ਜਥੇਦਾਰਾਂ ਨੂੰ ਸੰਬੋਧਨ

ਵਾਹ ਜਥੇਦਾਰੋ ਵਾਹ
ਸਾਂਭਣੀਆਂ ਜਥੇਦਾਰੀਆਂ ਕੰਮ ਕਰਨੇ ਆਹ

ਤੁਸੀਂ ਜਥੇਦਾਰੋ, ਭਾਵੇਂ ਤਖ਼ਤਾਂ ਦੇ ਜਥੇਦਾਰ ਹੋ, ਪਰ ਬੜੇ ਹੀ ਸਾਧਾਰਨ ਲੋਕ ਹੋ। ਜਾਇਦਾਦ ਵਾਸਤੇ, ਟੱਬਰਾਂ ਵਾਸਤੇ ਤੁਸੀਂ ਉਹ ਸਭ ਕੁਝ ਕਰਦੇ ਹੋ, ਜੋ ਸਾਧਾਰਨ ਲੋਕ ਕਰਦੇ ਹਨ। ਜੇ ਤੁਸੀਂ 9.5 ਲੱਖ ਦੀ ਜਾਇਦਾਦ ਲਈ ਉਹੀ ਵਰਤਾਰਾ ਕਰਨਾ ਹੈ, ਜੋ ਚੰਡੀਗੜ੍ਹ ਦੇ ਆਮ ਜਾਇਦਾਦ ਦੇ ਮਾਲਕਾਂ ਨੇ ਕਰਨਾ ਹੈ ਤਾਂ ਤੁਹਾਡਾ ਕੀ ਹੱਕ ਬਣਦਾ ਹੈ ਕਿ ਲੋਕਾਂ ਉੱਤੇ ਹੁਕਮਨਾਮੇ ਚਲਾਓ ?

ਉਂਝ ਲੋਕਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਸਿੰਘ ਸਾਹਿਬਾਨ, ਇਹ ਡੇਰਿਆਂ ਦੇ ਸੰਤ, ਸੱਚੇ ਸੌਦੇ ਵਾਲੇ, ਨਾਮਧਾਰੀ, ਨਿਰੰਕਾਰੀ, ਰਾਧਾ ਸਵਾਮੀ, ਸਭ ਜਾਇਦਾਦ ਬਣਾਉਣ ਵੇਲੇ ਬਿਲਕੁਲ ਹੀ ਸਾਧਾਰਨ ਵਿਅਕਤੀ ਹਨ। ਇਹਨਾਂ ਨੂੰ ਸੰਬੋਧਨ ਹੋਕੇ ਉੱਚੀ ਸਾਰੀ ਆਖੋ "ਦੂਜਿਆਂ ਨੂੰ ਨਾਮ, ਸਬਰ ਸੰਤੋਖ ਦਾ ਸਬਕ ਦੇਣ ਵਾਲਿਓ, ਆਪ ਵੀ ਸਬਰ ਸੰਤੋਖ ਕਰ ਲਵੋ।"